BRAMPTON Flower City
brampton.ca

Service and Information Update

# ਅੱਪਡੇਟ: ਡ੍ਰਾਈਵਵੇ ਲਈ ਨਵੇਂ ਨਿਯਮ ਸਥਗਿਤ ਕੀਤੇ ਗਏ

ਬ੍ਰੈਂਪਟਨ, ਓਨਟੈਰੀਓ (20 ਜੂਨ, 2019) – ਨਿਵਾਸੀਆਂ ਤੋਂ ਮਿਲੇ ਫੀਡਬੈਕ ਦੇ ਆਧਾਰ ਤੇ, ਡ੍ਰਾਈਵਵੇ ਅੱਪਗ੍ਰੇਡਾਂ ਲਈ ਨਵੀਆਂ ਪਰਮਿਟ ਸ਼ਰਤਾਂ ਇਸ ਸਾਲ ਦੇ ਅੰਤ ਤੱਕ ਸਥਗਿਤ ਕਰ ਦਿੱਤੀਆਂ ਗਈਆਂ ਹਨ। ਇਹ ਫ਼ੈਸਲਾ 19 ਜੂਨ ਨੂੰ ਸਿਟੀ ਕਾਉਂਸਿਲ (City Council) ਦੀ ਮੀਟਿੰਗ ਵਿੱਚ ਲਿਆ ਗਿਆ ਸੀ।

ਨਵੇਂ ਨਿਯਮ ਮੂਲ ਰੂਪ ਨਾਲ 2 ਜੁਲਾਈ ਨੂੰ ਲਾਗੂ ਕਰਨ ਲਈ ਤੈਅ ਕੀਤੇ ਗਏ ਸਨ। ਹੁਣ ਉਹ 22 ਨਵੰਬਰ ਨੂੰ ਲਾਗੂ ਹੋਣ ਦੀ ਉਮੀਦ ਹੈ। ਸਿਟੀ ਦਾ ਸਟਾਫ ਪਰਮਿਟ ਪ੍ਰੋਗਰਾਮ ਦੀ ਸਮੀਖਿਆ ਕਰੇਗਾ ਅਤੇ ਕਿਸੇ ਵੀ ਸਿਫ਼ਾਰਿਸ਼ ਕੀਤੀਆਂ ਤਬਦੀਲੀਆਂ ਦੇ ਨਾਲ ਪਤਝੜ ਦੇ ਸ਼ੁਰੂ ਵਿੱਚ ਕਮੇਟੀ ਆਫ ਕਾਉਂਸਿਲ (Committee of Council) ਨੂੰ ਵਾਪਸ ਰਿਪੋਰਟ ਕਰੇਗਾ।

ਇਸ ਵੇਲੇ, ਆਪਣੇ ਡ੍ਰਾਈਵਵੇ ਨੂੰ ਚੌੜਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਿਟੀ ਪਰਮਿਟ ਦੀ ਲੋੜ ਸਿਰਫ਼ ਉਦੋਂ ਹੋਵੇਗੀ, ਜੇਕਰ ਉਹ ਮਿਉਨਿਸਿਪਲ ਪਗਡੰਡੀ ਨੂੰ ਕੱਟਣਾ ਚਾਹੁੰਦੇ ਹਨ। ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਉਹਨਾਂ ਦੇ ਲੌਟ ਦੀ ਚੌੜਾਈ ਦੇ ਆਧਾਰ ਤੇ, ਸ਼ਹਿਰ ਵਿੱਚ ਡ੍ਰਾਈਵਵੇ ਲਈ ਇਜਾਜ਼ਤ ਦਿੱਤੀ ਅਧਿਕਤਮ ਚੌੜਾਈ ਸੀਮਾ ਹੈ। ਪ੍ਰਾਪਰਟੀ ਤੇ ਸਹੀ ਨਿਕਾਸ ਨੂੰ ਯਕੀਨੀ ਬਣਾਉਣ ਵਿੱਚ ਮਦਦ ਲਈ, ਡ੍ਰਾਈਵਵੇ ਅਤੇ ਸਾਈਡ ਲੌਟ ਲਾਈਨ ਵਿਚਕਾਰ 0.6 ਮੀਟਰ (2 ਫੁੱਟ) ਸਮਾਉਣਯੋਗ ਭੂਦ੍ਰਿਸ਼ (ਜਿਵੇਂ ਘਾਹ, ਬਾਗ, ਫੁੱਲਾਂ ਦੀ ਕਿਆਰੀ) ਹੋਣਾ ਲਾਜ਼ਮੀ ਹੈ। ਹੋਰ ਜਾਣਕਾਰੀ ਲਈ, ਸਿਟੀ ਦੇ ਜ਼ੋਨਿੰਗ ਡਿਵੀਜਨ (Zoning Division) ਨੂੰ 905.874.2090 ਤੇ ਫੋਨ ਕਰੋ।

ਨਵੇਂ ਡ੍ਰਾਈਵਵੇ ਨਿਯਮਾਂ ਬਾਰੇ ਮੂਲ ਰਿਲੀਜ ਨੂੰ ਪੜ੍ਹਨ ਲਈ, ਇੱਥੇ (here) ਕਲਿੱਕ ਕਰੋ

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca